Insert your school crest here

# *Tell Them From Me* student survey:

## Information and consent form for parents and carers

# *Tell Them From Me* ਵਿਦਿਆਰਥੀ ਸਰਵੇਖਣ:

## ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ ਅਤੇ ਸਹਿਮਤੀ ਫਾਰਮ

ਪਿਆਰੇ ਮਾਪਿਓ ਅਤੇ ਦੇਖਭਾਲ ਕਰਨ ਵਾਲਿਓ

ਇਹ ਸਕੂਲੀ ਟਰਮ ਵਿੱਚ, ਸਾਡਾ ਸਕੂਲ *Tell Them From Me (ਟੈੱਲ ਦੈਮ ਫਰੌਮ ਮੀ)* ਨਾਮਕ ਵਿਦਿਆਰਥੀ ਸਰਵੇਖਣ ਵਿੱਚ ਹਿੱਸਾ ਲੈ ਰਿਹਾ ਹੈ। ਇਹ ਸਰਵੇਖਣ ਸਾਨੂੰ ਇਸ ਬਾਰੇ ਕੀਮਤੀ ਫੀਡਬੈਕ ਪ੍ਰਦਾਨ ਕਰੇਗਾ ਕਿ ਸਾਡੇ ਵਿਦਿਆਰਥੀ ਸਕੂਲੀ ਜੀਵਨ ਬਾਰੇ ਕੀ ਸੋਚਦੇ ਹਨ, ਉਹ ਸਕੂਲ ਦੇ ਨਾਲ ਕਿੰਨੇ ਜੁੜੇ ਹੋਏ ਹਨ ਅਤੇ ਅਧਿਆਪਕਾਂ ਦੇ ਉਹਨਾਂ ਨਾਲ ਗੱਲਬਾਤ ਕਰਨ ਦੇ ਵੱਖ-ਵੱਖ ਤਰੀਕਿਆਂ ਬਾਰੇ।

ਇਹ ਸਰਵੇਖਣ ਇੱਕ ਸੁਤੰਤਰ ਖੋਜ ਕੰਪਨੀ, The Learning Bar (ਦ ਲਰਨਿੰਗ ਬਾਰ) ਦੁਆਰਾ ਚਲਾਇਆ ਜਾਂਦਾ ਹੈ, ਜੋ ਸਕੂਲ ਅਧਾਰਿਤ ਸਰਵੇਖਣਾਂ ਵਿੱਚ ਮਾਹਰ ਹੈ।

ਸਾਡੇ ਸਕੂਲ ਨੂੰ ਸਾਡੇ ਵਿਦਿਆਰਥੀਆਂ ਤੋਂ ਫੀਡਬੈਕ ਪ੍ਰਦਾਨ ਕਰਨ ਦੇ ਨਾਲ-ਨਾਲ, ਇਸ ਸਰਵੇਖਣ ਦਾ ਇੱਕ ਵਿਆਪਕ ਉਦੇਸ਼ ਹੈ। ਇਹ Centre for Education Statistics and Evaluation (ਸੈਂਟਰ ਫਾਰ ਐਜੂਕੇਸ਼ਨ ਸਟੈਟਿਸਟਿਕਸ ਐਂਡ ਇਵੈਲੂਏਸ਼ਨ) ਦੁਆਰਾ, Department of Education (ਸਿੱਖਿਆ ਵਿਭਾਗ) ਨੂੰ ਵਿਦਿਆਰਥੀਆਂ ਦੀ ਭਲਾਈ, ਰੁਝੇਵਿਆਂ, ਅਤੇ ਚੱਲ ਰਹੇ ਸਕੂਲ ਸੁਧਾਰ ਲਈ ਪ੍ਰਭਾਵੀ ਅਧਿਆਪਨ ਤਰੀਕਿਆਂ ਦੀ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ NSW ਭਰ ਵਿੱਚ ਗੈਰ-ਸਨਾਖ਼ਤ ਯੋਗ ਵਿਦਿਆਰਥੀ ਡੇਟਾ ਦੀ ਵਰਤੋਂ ਕਰਕੇ ਕੀਤਾ ਜਾਂਦਾ ਹੈ।

ਇਹ ਸਰਵੇਖਣ **ਗੁਪਤ** ਹੈ, ਅਤੇ ਸਕੂਲਾਂ ਵਿਚਲਾ ਸਟਾਫ਼ ਉਹਨਾਂ ਦੇ ਜਵਾਬਾਂ ਤੋਂ ਵਿਅਕਤੀਗਤ ਵਿਦਿਆਰਥੀਆਂ ਦੀ ਸ਼ਨਾਖ਼ਤ ਕਰਨ ਦੇ ਯੋਗ **ਨਹੀਂ** ਹੋਵੇਗਾ।

ਗੁਪਤਤਾ ਨੂੰ ਯਕੀਨੀ ਬਣਾਉਣ ਲਈ, ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇੱਕ ਵਿਲੱਖਣ ਯੂਜ਼ਰਨੇਮ ਅਤੇ ਪਾਸਵਰਡ ਮਿਲੇਗਾ। ਜਾਣਕਾਰੀ ਸਿਰਫ਼ ਉਦੋਂ ਦਿੱਤੀ ਜਾਂਦੀ ਹੈ ਜਿੱਥੇ ਪੰਜ ਜਾਂ ਵੱਧ ਵਿਦਿਆਰਥੀ ਕਿਸੇ ਸਵਾਲ ਦਾ ਜਵਾਬ ਦਿੰਦੇ ਹਨ। ਸਾਰੀ ਜਾਣਕਾਰੀ ਨੂੰ ਸੰਬੰਧਿਤ ਗੁਪਤਤਾ ਕਾਨੂੰਨ ਦੇ ਅਨੁਸਾਰ ਨਿੱਜਠਿਆ ਜਾਵੇਗਾ। ਵਿਭਾਗ ਦੁਆਰਾ ਵਿਦਿਆਰਥੀਆਂ ਦੀ ਨਿੱਜੀ ਜਾਣਕਾਰੀ ਦਾ ਖੁਲਾਸਾ ਕਾਨੂੰਨ ਦੁਆਰਾ ਲੋੜ ਅਨੁਸਾਰ ਕੀਤੇ ਜਾਣ ਤੋਂ ਬਿਨ੍ਹਾਂ ਕਿਸੇ ਹੋਰ ਵਿਅਕਤੀ ਜਾਂ ਸੰਸਥਾ ਨੂੰ **ਨਹੀਂ** ਕੀਤਾ ਜਾਵੇਗਾ। ਕਿਸੇ ਵੀ ਪ੍ਰਕਾਸ਼ਨ ਵਿੱਚ ਵਿਦਿਆਰਥੀਆਂ ਦੀ ਵਿਅਕਤੀਗਤ ਸ਼ਨਾਖ਼ਤ ਨਹੀਂ ਕੀਤੀ ਜਾ ਸਕੇਗੀ।

ਇਹ ਸਰਵੇਖਣ ਔਨਲਾਈਨ ਹੈ, 15 ਤੋਂ 30 ਮਿੰਟ ਦਾ ਸਮਾਂ ਲੈਂਦਾ ਹੈ, ਅਤੇ ਸਕੂਲ ਦੇ ਸਮੇਂ ਦੌਰਾਨ ਸਕੂਲ ਵਿੱਚ ਹੋਵੇਗਾ। ਸਾਡੇ ਵਿਦਿਆਰਥੀਆਂ ਵੱਲੋਂ ਇਸ ਸਰਵੇਖਣ ਨੂੰ ਪੂਰਾ ਕਰਨ ਤੋਂ ਥੋੜ੍ਹੀ ਦੇਰ ਬਾਅਦ ਸਾਨੂੰ ਸਾਡੇ ਸਕੂਲ ਦੇ ਸਰਵੇਖਣ ਨਤੀਜਿਆਂ ਬਾਰੇ ਇੱਕ ਰਿਪੋਰਟ ਪ੍ਰਾਪਤ ਹੋਵੇਗੀ।

ਇਸ ਸਰਵੇਖਣ ਵਿੱਚ ਹਿੱਸਾ ਲੈਣਾ **ਸਵੈ-ਇੱਛਤ** ਹੈ। ਜੇਕਰ ਇਸ ਸਰਵੇਖਣ ਦਾ ਕੋਈ ਵੀ ਸਵਾਲ ਤੁਹਾਡੇ ਬੱਚੇ ਨੂੰ ਅਸਹਿਜ ਕਰਦਾ ਹੈ, ਤਾਂ ਤੁਹਾਡਾ ਬੱਚਾ ਉਸ ਸਵਾਲ ਨੂੰ ਛੱਡ ਸਕਦਾ ਹੈ ਜਾਂ ਕਿਸੇ ਵੀ ਸਮੇਂ ਇਸ ਸਰਵੇਖਣ ਨੂੰ ਕਰਨਾ ਬੰਦ ਕਰ ਸਕਦਾ ਹੈ।

ਜੇਕਰ ਤੁਸੀਂ **ਨਹੀਂ ਚਾਹੁੰਦੇ ਕਿ ਤੁਹਾਡੇ ਬੱਚਾ/ਬੱਚੇ ਇਸ ਸਰਵੇਖਣ ਵਿੱਚ ਹਿੱਸਾ ਲੈਣ**, ਤਾਂ ਕਿਰਪਾ ਕਰਕੇ ਨੱਥੀ ਕੀਤੇ ਫਾਰਮ ਨੂੰ ਭਰੋ ਅਤੇ delete and insert date of return ਸਕੂਲ ਨੂੰ ਵਾਪਸ ਕਰ ਦਿਓ।

ਇਸ ਸਰਵੇਖਣ ਅਤੇ ਖੋਜ ਬਾਰੇ ਹੋਰ ਜਾਣਕਾਰੀ ਅੰਗਰੇਜ਼ੀ ਵਿੱਚ education.nsw.gov.au/ttfm 'ਤੇ ਉਪਲਬਧ ਹੈ।

delete and insert name of principal

ਪ੍ਰਿੰਸੀਪਲ

delete and insert name of school

## *Tell Them From Me* Student Survey non-consent form
## *Tell Them From Me* ਵਿਦਿਆਰਥੀ ਸਰਵੇਖਣ ਅਸਹਿਮਤੀ ਫਾਰਮ

ਜੇਕਰ ਤੁਸੀਂ **ਨਹੀਂ ਚਾਹੁੰਦੇ** ਕਿ ਤੁਹਾਡਾ ਬੱਚਾ ਵਿਦਿਆਰਥੀ ਫੀਡਬੈਕ ਸਰਵੇਖਣ ਵਿੱਚ ਹਿੱਸਾ ਲਵੇ, ਤਾਂ ਕਿਰਪਾ ਕਰਕੇ ਇਸ ਫਾਰਮ 'ਤੇ ਦਸਤਖਤ ਕਰੋ ਅਤੇ delete and insert date of return ਪਾ ਕੇ ਇਸਨੂੰ ਸਕੂਲ ਨੂੰ ਵਾਪਸ ਕਰੋ।

ਮੈਂ ਆਪਣੇ ਬੱਚੇ/ਬੱਚਿਆਂ ਨੂੰ ***Tell Them From Me*** **ਵਿਦਿਆਰਥੀ ਸਰਵੇਖਣ** ਵਿੱਚ ਭਾਗ ਲੈਣ ਲਈ ਸਹਿਮਤੀ **ਨਹੀਂ ਦਿੰਦਾ/ਦੀ** ਹਾਂ।

| | |
|---|---|
| ਵਿਦਿਆਰਥੀ 1 ਦਾ ਨਾਮ | ਵਿਦਿਆਰਥੀ 1 ਦੀ ਰੋਲ ਕਲਾਸ |
| ਵਿਦਿਆਰਥੀ 2 ਦਾ ਨਾਮ | ਵਿਦਿਆਰਥੀ 2 ਦੀ ਰੋਲ ਕਲਾਸ |
| ਵਿਦਿਆਰਥੀ 3 ਦਾ ਨਾਮ | ਵਿਦਿਆਰਥੀ 3 ਦੀ ਰੋਲ ਕਲਾਸ |
| ਵਿਦਿਆਰਥੀ 4 ਦਾ ਨਾਮ | ਵਿਦਿਆਰਥੀ 4 ਦੀ ਰੋਲ ਕਲਾਸ |

ਮਾਤਾ/ਪਿਤਾ/ਦੇਖਭਾਲ ਕਰਨ ਵਾਲੇ ਦਾ ਨਾਮ

ਮਾਤਾ/ਪਿਤਾ/ਦੇਖਭਾਲ ਕਰਨ ਵਾਲੇ ਦੇ ਦਸਤਖਤ

ਤਾਰੀਖ਼